# ਫ਼ਿਸਟੁਲਾ ਅਤੇ ਗ੍ਰਾਫ਼ਟ ਵਿੱਚ ਧਮਣੀ ਨੂੰ ਫੁੱਲਣ ਤੋਂ ਬਚਾਉਣ ਦੇ ਤਰੀਕੇ
# Ways to Prevent Aneurysms in Fistulas & Grafts

BCRenal
Provincial Health Services Authority

## ਧਮਣੀ ਦੀ ਫੁਲਾਵਟ ਕੀ ਹੁੰਦੀ ਹੈ?

ਧਮਣੀ ਦੀ ਬਾਹਰੀ ਪਰਤ ਦਾ ਫੁੱਲ ਜਾਣਾ।



## ਧਮਣੀ ਵਿੱਚ ਫੁਲਾਵਟ ਕਿਵੇਂ ਹੁੰਦੀ ਹੈ?

ਇੱਕੋ ਥਾਂ ਵਿੱਚ ਬਾਰ-ਬਾਰ ਸੂਈ ਲਗਾਉਣ ਨਾਲ। ਇਸ ਨਾਲ ਨਸ ਕਮਜ਼ੋਰ ਹੋ ਜਾਂਦੀ ਹੈ ਅਤੇ ਉਸ ਵਿੱਚ ਫੁਲਾਵਟ ਹੋ ਜਾਂਦੀ ਹੈ।

## ਧਮਣੀ ਦੀ ਫੁਲਾਵਟ ਇੱਕ ਸਮੱਸਿਆ ਕਿਉਂ ਹੈ?

ਧਮਣੀ ਦੀ ਫੁਲਾਵਟ:

- ਚਮੜੀ ਚਿੱਟੀ ਅਤੇ ਚਮਕੀਲੀ ਹੋ ਜਾਂਦੀ ਹੈ। ਇਸ ਕਾਰਣ ਚਮੜੀ ਫਟ ਵੀ ਸਕਦੀ ਹੈ।
- ਸੂਈਆਂ ਹਟਾਈਆਂ ਜਾਣ ਤੋਂ ਬਾਅਦ ਜ਼ਿਆਦਾ ਦੇਰ ਤਕ ਖ਼ੂਨ ਵਗਦਾ ਰਹਿੰਦਾ ਹੈ।
- ਧਮਣੀ ਤਕ ਪਹੁੰਚ ਵਾਲੇ ਛੇਦ ਵਿੱਚ ਗਤਲਾ ਬਣ ਜਾਂਦਾ ਹੈ ਜਾਂ ਛੇਦ ਫਟ ਜਾਂਦਾ ਹੈ।





## ਧਮਣੀ ਦੀ ਫੁਲਾਵਟ ਦੀ ਰੋਕਥਾਮ ਕਿਵੇਂ ਕੀਤੀ ਜਾ ਸਕਦੀ ਹੈ?

1. ਡਾਇਐਲਿਸਿਸ ਦੇ ਹਰ ਸੈਸ਼ਨ ਦੌਰਾਨ ਇਹ ਯਕੀਨੀ ਬਣਾਓ ਕਿ ਪਹੁੰਚ ਲਈ ਹਮੇਸ਼ਾ ਵਖਰੀ ਥਾਂ 'ਤੇ ਸੂਈ ਲਗਾਈ ਜਾਵੇ (ਇਸ ਨੂੰ "ਥਾਂਵਾਂ ਦੀ ਵਾਰੀ ਬਦਲਣਾ" ਕਿਹਾ ਜਾਂਦਾ ਹੈ)। ਚਿੱਤਰ ਦੇਖੋ →
2. ਜੇ ਤੁਸੀਂ ਈ.ਐੱਮ.ਐੱਲ.ਏ. ਕ੍ਰੀਮ ਇਸਤੇਮਾਲ ਕਰਦੇ ਹੋ ਤਾਂ ਡਾਇਐਲਿਸਿਸ ਯੂਨਿਟ ਤੋਂ ਬਾਹਰ ਜਾਣ ਤੋਂ ਪਹਿਲਾਂ ਆਪਣੀ ਨਰਸ ਨੂੰ ਪੁੱਛੋ ਕਿ ਤੁਹਾਡੇ ਅਗਲੇ ਸੈਸ਼ਨ ਸਮੇਂ ਕਿਹੜੀਆਂ ਥਾਂਵਾਂ 'ਤੇ ਸੂਈ ਲਗਾਏ ਜਾਣ ਦੀ ਸੰਭਾਵਨਾ ਹੈ।
3. ਆਪਣੀ ਪਹੁੰਚ ਵਾਸਤੇ ਆਪ ਸੂਈ ਲਗਾਉਣ ਬਾਰੇ ਵਿਚਾਰ ਕਰੋ। ਨਰਸ ਤੋਂ ਜਾਣਕਾਰੀ ਦੀ ਮੰਗ ਕਰੋ।
4. ਡਾਇਐਲਿਸਿਸ ਤੋਂ ਬਾਅਦ ਜਿਸ ਥਾਂ 'ਤੇ ਸੂਈ ਲਗਾਈ ਗਈ ਸੀ, ਉੱਥੇ ਦੋ ਉਂਗਲਾਂ ਨਾਲ **ਘੱਟੋ-ਘੱਟ** 10 ਮਿੰਟਾਂ ਲਈ ਦਬਾਅ ਪਾਓ। ਜੇ ਤੁਸੀਂ ਸੂਈ ਲਗਣ ਵਾਲੀਆਂ ਥਾਵਾਂ ਨੂੰ ਆਪ ਦਬਾ ਰਹੇ ਹੋ ਤਾਂ ਦੂਜੀ ਸੂਈ ਉਦੋਂ ਤਕ ਨਾ ਕੱਢੋ ਜਦੋਂ ਤਕ ਪਹਿਲੀ ਥਾਂ ਤੋਂ ਖ਼ੂਨ ਵਗਣਾ ਬੰਦ ਨਹੀਂ ਹੋ ਜਾਂਦਾ।
5. ਜਦੋਂ ਖ਼ੂਨ ਵਗਣਾ ਰੁਕ ਜਾਵੇ ਗੌਜ਼ ਨੂੰ ਉਸ ਦੀ ਥਾਂ 'ਤੇ ਟੇਪ ਕਰੋ। ਆਪਣੀ ਬਾਂਹ ਦੇ ਆਲੇ-ਦੁਆਲੇ ਟੇਪ ਨਾ ਲਗਾਓ। ਆਪਣੇ ਡਾਇਐਲਿਸਿਸ ਟ੍ਰੀਟਮੈਂਟ ਤੋਂ 4-6 ਘੰਟੇ ਬਾਅਦ ਗੌਜ਼ ਉਤਾਰੋ। ਜਿੱਥੇ ਸੂਈ ਲਗਾਈ ਗਈ ਸੀ ਉੱਥੇ ਛੇਦ ਉੱਪਰ ਖਰਿੰਡ ਬਣਨ ਦੀ ਸੰਭਾਵਨਾ ਲਈ ਤਿਆਰ ਰਹੋ। ਖਰਿੰਡ ਉੱਪਰ ਖਾਜ ਕਰਨ ਜਾਂ ਖਰਿੰਡ ਪੱਟਣ ਤੋਂ ਪਰਹੇਜ਼ ਕਰੋ।







ਸੂਈ ਦੇ ਛੇਦ ਉੱਪਰ ਦਬਾਓ ਕਿਵੇਂ ਪਾਉਣਾ ਹੈ

Provincial Health Services Authority — Province-wide solutions. Better health. | BC Children's Hospital | fraserhealth — Better health. Best in health care. | Interior Health | island health | northern health — the northern way of caring | Providence Health Care — How you want to be treated. | Vancouver CoastalHealth — Promoting wellness. Ensuring care.